# ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਬੱਚੇ

## ਸਿੱਖਿਆ ਮੰਤਰੀ ਵੱਲੋਂ ਵਾਤਾਵਰਨ ਤੇ ਚੌਗਿਰਦੇ ਦੀ ਸਾਂਭ-ਸੰਭਾਲ ਰੱਖਣ ਦੀ ਕੀਤੀ ਅਪੀਲ

**ਪੱਤਰ ਪ੍ਰੇਰਕ, ਅੰਮ੍ਰਿਤਸਰ** : ਸਿੱਖਿਆ ਤੇ ਵਾਤਾਵਰਨ ਮੰਤਰੀ ਪੰਜਾਬ ਨੇ ਰਾਜ ਦੇ ਬੱਚਿਆਂ ਨੂੰ ਪ੍ਰਦੂਸ਼ਣ ਰਹਿਣ ਦੀਵਾਲੀ ਮਨਾਉਣ ਦਾ ਸੱਦਾ ਦਿੰਦੇ ਕਿਹਾ ਕਿ ਜੇਕਰ ਅਸੀਂ ਵਾਤਾਵਰਨ ਨੂੰ ਪਟਾਕਿਆਂ/ਆਤਿਸ਼ਬਾਜ਼ੀ ਦੇ ਧੂੰਏਂ ਤੇ ਬੇਤਹਾਸ਼ਾ ਸ਼ੋਰ ਤੋਂ ਨਿਜਾਤ ਦਿਵਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਹੀ ਅਸੀਂ ਕੁਦਰਤ ਦੀ ਕਾਇਨਾਤ ਦੇ ਕਦਰਦਾਨ ਬਣ ਸਕਾਂਗੇ।

ਅੱਜ ਬੱਚਿਆਂ ਨੂੰ ਪ੍ਰਦੂਸ਼ਣ ਮੁਕਤ ਗਰੀਨ ਦੀਵਾਲੀ ਮਨਾਉਣ ਲਈ ਮਾਨਸਿਕ ਤੌਰ 'ਤੇ ਤਿਆਰ ਕਰਨ ਵਾਸਤੇ ਸਿੱਖਿਆ ਵਿਭਾਗ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਸਹਿਯੋਗ ਨਾਲ ਸਰਕਾਰੀ ਸਾਰਾਗੜ੍ਹੀ ਯਾਦਗਾਰੀ ਸਕੈਂਡਰੀ ਸਕੂਲ, ਟਾਊਨ ਹਾਲ (ਮਾਲ ਮੰਡੀ) ਵਿਚ ਕਰਵਾਏ ਵਿਸ਼ੇਸ਼ ਸਮਾਗਮ, ਜਿਸ ਵਿਚ ਉਨ੍ਹਾਂ 5000 ਦੇ ਕਰੀਬ ਬੱਚਿਆਂ ਨੂੰ ਪਟਾਕੇ ਨਾ ਚਲਾਉਣ ਦੀ ਸਹੁੰ ਖੁਆਈ ਗਈ, ਨੂੰ ਸੰਬੋਧਨ ਕਰਦੇ ਸੋਨੀ ਨੇ ਦੀਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ ਸਾਰੇ ਬੱਚਿਆਂ ਨੂੰ ਸ਼ੁਭ ਕਾਮਨਾਵਾਂ ਦਿੰਦੇ ਹੋਏ ਆਖਿਆ ਕਿ ਦੀਵਾਲੀ ਅਸਲ ਵਿਚ ਰੌਸ਼ਨੀਆਂ ਦਾ ਤਿਉਹਾਰ ਹੈ ਅਤੇ ਇਹ ਸਾਨੂੰ ਖੁਸ਼ਹਾਲੀ, ਸ਼ਾਂਤੀ ਅਤੇ ਸਦਭਾਵਨਾ ਦੀ ਪ੍ਰੇਰਨਾ ਦਿੰਦਾ ਹੈ ਅਤੇ ਆਪਣੇ ਮਨਾਂ 'ਚੋਂ ਚਿੰਤਾਵਾਂ ਤੇ ਨਿਰਾਸ਼ਾਵਾਂ ਦੇ ਹਨ੍ਹੇਰੇ ਨੂੰ ਦੂਰ ਕਰਕੇ ਗਿਆਨ ਦੇ ਦੀਪ ਬਾਲਣ ਦਾ ਸੱਦਾ ਦਿੰਦੀ ਹੈ, ਪਰ ਅਸੀਂ ਪਟਾਕਿਆਂ ਅਤੇ ਆਤਿਸ਼ਬਾਜ਼ੀ ਦੇ ਧੂੰਏ ਅਤੇ ਸ਼ੋਰ ਨਾਲ ਵਾਤਾਵਰਣ ਨੂੰ ਗੰਧਲਾ ਕਰਕੇ ਇਸ ਸ਼ੁਭ ਸੰਦੇਸ਼ ਨੂੰ ਵਿਸਾਰ ਦਿੱਤਾ ਹੈ ਅਤੇ ਉਲਟਾ ਦੀਵਾਲੀ ਮੌਕੇ ਅਰਬਾਂ ਰੁਪਏ ਦੀ ਆਤਿਸਬਾਜ਼ੀ ਚਲਾ ਕੇ ਮਾਨਵੀ ਜੀਵਨ ਨੂੰ ਖਤਰਨਾਕ ਧੂੰਏਂ ਨਾਲ ਪੈਦਾ ਹੁੰਦੀਆਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਵੱਲ ਤੋਰ ਦਿੱਤਾ ਹੈ। ਉਨ੍ਹਾਂ ਬੱਚਿਆਂ ਨੂੰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦੇ ਨਾਲ-ਨਾਲ ਦੀਵਾਲੀ ਦੌਰਾਨ ਸਫ਼ਾਈ ਦਾ ਵੀ ਉਚੇਚਾ ਧਿਆਨ ਰੱਖਣ ਦੀ ਅਪੀਲ ਕੀਤੀ ਹੈ। ਇਸ ਮੌਕੇ ਸਿੱਖਿਆ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਤਰਜੀਹ ਸਿਹਤ ਤੇ ਸਿੱਖਿਆ ਹੈ ਅਤੇ ਸਿੱਖਿਆ ਦੇ ਖੇਤਰ 'ਚ ਇਕ ਹਜ਼ਾਰ ਕਰੋੜ ਰੁਪਏ ਖਰਚ ਕੀਤੇ ਜਾਂ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ 25 ਕਰੋੜ ਰੁਪਏ ਦਾ ਸਕੂਲ ਫਰਨੀਚਰ ਖਰੀਦ ਕੀਤਾ ਜਾ ਰਿਹਾ ਹੈ ਅਤੇ ਕੋਈ ਵੀ ਸਕੂਲ ਫਰਨੀਚਰ ਤੋਂ ਬਿਨਾਂ ਨਹੀਂ ਰਹੇਗਾ।

ਉਨ੍ਹਾਂ ਇਸ ਮੌਕੇ ਸਾਰਾਗੜ੍ਹੀ ਸਕੂਲ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਸਿੱਖਿਆ ਮੰਤਰੀ ਨੇ ਇਸ ਮੌਕੇ ਸਕੂਲ ਵਿਚ ਪੌਦਾ ਲਗਾ ਕੇ ਬੱਚਿਆਂ ਨੂੰ ਵੀ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਅਪੀਲ ਵਾਤਾਵਰਨ ਬਚਾਉਣ ਲਈ ਕੀਤੀ। ਇਸ ਮੌਕੇ ਐੱਸਡੀਐੱਮ ਰਾਜੇਸ਼ ਸ਼ਰਮਾ, ਪ੍ਰਦੂਸ਼ਣ ਵਿਭਾਗ ਦੇ ਚੀਫ ਇੰਜੀਨੀਅਰ ਜੀਐੱਸ ਮਜੀਠੀਆ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਸਲਵਿੰਦਰ ਸਿੰਘ ਸਮਰਾ, ਕੁਲਵੰਤ ਰਾਏ ਸ਼ਰਮਾ ਜਨਰਲ ਸਕੱਤਰ ਰਾਸਾ, ਅੰਮ੍ਰਿਤਸਰ ਵਿਕਾਸ ਮੰਚ ਤੋਂ ਚਰਨਜੀਤ ਸਿੰਘ ਗੁੰਮਟਾਲਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



ਬੱਚਿਆਂ ਨੂੰ ਪਟਾਕੇ ਨਾ ਚਲਾਉਣ ਦੀ ਸਹੁੰ ਚੁਕਾਉਂਦੇ ਹੋਏ ਸਿੱਖਿਆ ਮੰਤਰੀ ਓਪੀ ਸੋਨੀ ਨਾਲ ਹਨ ਹੋਰ ਅਧਿਕਾਰੀ ਤੇ ਬੱਚੇ।

# विद्यार्थियों को दिलाई पटाखे न चलाने की शपथ

## सरकारी सीनियर सेकेंडरी स्कूल माल मंडी में दीवाली समारोह, शिक्षामंत्री ओपी सोनी ने दिया ग्रीन दीवाली मनाने का संदेश

संवाद सहयोगी, अमृतसर : पर्यावरण को सहेजने के लिए दीवाली से पहले पर्यावरण व शिक्षा मंत्री ओपी सोनी ने पांच हजार विद्यार्थियों को दीवाली पर पटाखे न चलाने के लिए प्रेरित किया और और उन्हें शपथ दिलाई। साथ ही सोनी ने राज्य के बच्चों को प्रदूषण रहित दीवाली मनाने का निमंत्रण देते हुए कहा कि यदि हम वातावरण को पटाखों/आतिशबाजी के धुएं व बेतहाशा शोर से निजात दिलाने का प्रयास करेंगे तो ही हम कुदरत के कद्रदान बन सकेंगे। सोनी शिक्षा विभाग और अमृतसर विकास मंच के सहयोग से सरकारी सारागढ़ी यादगारी सीसे स्कूल, टाउन हाल (माल मंडी) में आयोजित विशेष समारोह में पहुंचे थे।



सरकारी सीनियर सेकेंडरी स्कूल, माल मंडी में पटाखे न चलाने की बच्चों को शपथ दिलाते हुए मंत्री ओपी सोनी • राघव शिकारपुरिया

सोनी ने बच्चों को दीवाली की शुभ कामनाएं देते हुए कहा कि दीवाली का त्योहार हमें खुशहाली, शांति और सद्भावना की प्रेरणा देता है। लेकिन हमने पटाखों व आतिशबाजी के धुएं व शोर के साथ वातावरण को दूषित करके इस शुभ संदेश को भुला दिया है। मानवीय जीवन को खतरनाक धुएं के साथ पैदा होने वाली कई प्रकार की बीमारियों की तरफ मोड़ दिया है। मुख्यमंत्री कैप्टन अमरिंदर सिंह की तरफ से पंजाब को फिर से हरा-भरा, खुशहाल व तंदरुस्त बनाने के लिए चलाई मुहिम की सफलता के लिए दीवाली पर एहतियात बरतना जरूरी है। इको फ्रैंडली दीवाली मनाना समय की जरूरत है। इस अवसर पर एसडीएम राजेश शर्मा, प्रदूषण विभाग के चीफ इंजीनियर जीएस मजीठिया, डीईओ सलविंदर समरा, कुलवंत राय शर्मा, चरनजीत सिंह गुमटाला, प्रिंसिपल बलविन्दर सिंह, मनीषा व अन्य उपस्थित थे।

**जागरुकता**

- शिक्षा विभाग व अमृतसर विकास मंच ने करवाया कार्यक्रम
- पर्यावरण को बचाने के लिए पटाखे न चलाने की अपील की

### शिक्षा के क्षेत्र में खर्च होंगे एक हजार करोड़ रुपये

सोनी ने कहा-शिक्षा के क्षेत्र में पंजाब सरकार एक हजार करोड़ रुपये खर्च कर रही है। विभाग की तरफ से 25 करोड़ रुपए का स्कूल फर्नीचर खरीदा जा रहा है। कोई भी स्कूल फर्नीचर के बिना नहीं रहेगा। उन्होंने इस अवसर पर सारागढ़ी स्कूल को 10 लाख रुपए देने की घोषणा भी की। शिक्षा मंत्री ने स्कूल में पौधारोपण किया और बच्चों को भी पौधारोपण करने के लिए जागरूक किया।